# ਟ੍ਰਾਂਜ਼ਿਟ ਓਰੀਐਂਟਿਡ ਏਰੀਆ (ਟੀ ਓ ਏ) ਬਾਈ-ਲਾਅ ਅਤੇ ਸੂਬਾਈ ਕਾਨੂੰਨ ਬਾਰੇ ਤੁਹਾਨੂੰ ਕੀ ਜਾਣਨ ਦੀ ਲੋੜ ਹੈ

ਦਸੰਬਰ 2023 ਵਿੱਚ, ਸੂਬੇ ਨੇ ਬਿੱਲ 47 ਪਾਸ ਕੀਤਾ, ਜੋ ਸਥਾਨਕ ਸਰਕਾਰਾਂ ਨੂੰ ਤੇਜ਼ ਆਵਾਜਾਈ ਦੇ ਸਟੇਸ਼ਨਾਂ (ਸਕਾਈਟ੍ਰੇਨ ਸਟੇਸ਼ਨਾਂ ਅਤੇ ਬੱਸ ਐਕਸਚੇਂਜਾਂ) ਦੇ ਨੇੜੇ ਦੇ ਖੇਤਰਾਂ ਨੂੰ ਟ੍ਰਾਂਜ਼ਿਟ ਓਰੀਐਂਟਿਡ ਏਰੀਆ (ਆਵਾਜਾਈ-ਕੇਂਦਰਿਤ ਏਰੀਏ) (ਟੀ ਓ ਏਜ਼) ਵਜੋਂ ਨਿਰਧਾਰਿਤ ਕਰਨ ਦਾ ਨਿਰਦੇਸ਼ ਦਿੰਦਾ ਹੈ। ਜੂਨ 2024 ਵਿੱਚ, ਸਿਟੀ ਨੇ ਟ੍ਰਾਂਜ਼ਿਟ-ਓਰੀਐਂਟਿਡ ਏਰੀਆਜ਼ ਡੈਜ਼ੇਗਨੇਸ਼ਨ ਬਾਈ-ਲਾਅ ਪਾਸ ਕੀਤਾ ਜੋ ਨਵੇਂ ਕਾਨੂੰਨਾਂ ਦੇ ਮੁਤਾਬਕ ਹੈ ਅਤੇ ਟੀ ਓ ਏਜ਼ ਦੇ ਅੰਦਰ ਜ਼ਮੀਨ ਦੀ ਵਰਤੋਂ ਕਰਨ ਬਾਰੇ ਦੱਸਦਾ ਹੈ। ਇਸ ਤੋਂ ਇਲਾਵਾ, ਕੌਂਸਲ ਨੇ ਟ੍ਰਾਂਜ਼ਿਟ-ਓਰੀਐਂਟਿਡ ਏਰੀਆਜ਼ ਰੀਜ਼ੋਨਿੰਗ ਪੌਲਸੀ ਨੂੰ ਮਨਜ਼ੂਰੀ ਦਿੱਤੀ, ਜੋ ਰੀਜ਼ੋਨਿੰਗ ਬਾਰੇ ਪੁੱਛ ਪੜਤਾਲ ਅਤੇ ਐਪਲੀਕੇਸ਼ਨਾਂ ਨੂੰ ਸੇਧ ਦੇਣ ਵਿੱਚ ਮਦਦ ਕਰਦੀ ਹੈ।

ਜੇ ਤੁਸੀਂ ਕਿਸੇ ਟੀ ਓ ਏ ਵਿੱਚ ਰਹਿੰਦੇ ਹੋ ਜਾਂ ਕਿਸੇ ਪ੍ਰਾਪਰਟੀ ਦੇ ਮਾਲਕ ਹੋ ਜਿਹੜੇ ਇਸ ਗੱਲ ਵਿੱਚ ਦਿਲਚਸਪੀ ਰੱਖਦੇ ਹੋ ਕਿ ਟੀ ਓ ਏ ਵਿੱਚ ਕੀ ਹੋ ਸਕਦਾ ਹੈ, ਤੁਹਾਨੂੰ ਇਹ ਜਾਣਨ ਦੀ ਲੋੜ ਹੈ:

### ਅਕਸਰ ਪੁੱਛੇ ਜਾਣ ਵਾਲੇ ਸਵਾਲ:

### ਇਹ ਤਬਦੀਲੀਆਂ ਕਿਉਂ ਹੋ ਰਹੀਆਂ ਹਨ?

ਜਿਵੇਂ ਜਿਵੇਂ ਸਾਡਾ ਸ਼ਹਿਰ ਵਧਦਾ ਹੈ ਅਤੇ ਬ੍ਰੌਡਵੇ ਸਬਵੇਅ ਵਰਗੇ ਪ੍ਰੋਜੈਕਟਾਂ ਨਾਲ ਟ੍ਰਾਂਜ਼ਿਟ ਦਾ ਨੈੱਟਵਰਕ ਵਧ ਰਿਹਾ ਹੈ, ਆਵਾਜਾਈ ਕੇਂਦਰਾਂ ਦੇ ਆਲੇ-ਦੁਆਲੇ ਸੰਪੂਰਨ, ਜੁੜੇ ਹੋਏ ਆਂਢ-ਗੁਆਂਢ ਵਿਕਸਿਤ ਕਰਨ ਅਤੇ ਵਿਕਾਸ ਨੂੰ ਰੂਪ ਦੇਣ ਦਾ ਇੱਕ ਮੌਕਾ ਹੈ, ਜਿੱਥੇ ਸੇਵਾਵਾਂ, ਸਹੂਲਤਾਂ, ਆਵਾਜਾਈ ਦੇ ਕਨੈਕਸ਼ਨ ਅਤੇ ਰਿਹਾਇਸ਼ ਸਭ ਥੋੜ੍ਹੀ ਦੂਰੀ 'ਤੇ ਹੋਣ। ਇਹ ਨਿੱਜੀ ਗੱਡੀਆਂ ਦੀ ਵਰਤੋਂ ਅਤੇ ਗ੍ਰੀਨਹਾਊਸ ਗੈਸ ਨਿਕਾਸ ਨੂੰ ਵੀ ਘਟਾਉਂਦਾ ਹੈ, ਜੋ ਇੱਕ ਹਰੇ-ਭਰੇ ਭਵਿੱਖ ਵੱਲ ਲੈ ਕੇ ਜਾਂਦਾ ਹੈ।

### ਵੈਨਕੂਵਰ ਵਿੱਚ ਕਿੰਨੇ ਟੀ ਓ ਏਜ਼ ਹਨ? ਮੈਂ ਕਿਵੇਂ ਪਤਾ ਕਰ ਸਕਦਾ/ਸਕਦੀ ਹਾਂ ਕਿ ਕੋਈ ਪ੍ਰਾਪਰਟੀ ਟੀ ਓ ਏ ਵਿੱਚ ਹੈ ਜਾਂ ਨਹੀਂ?

ਟੀ ਓ ਏ ਬਾਈ-ਲਾਅ ਨੇ ਤੇਜ਼ ਟ੍ਰਾਂਜ਼ਿਟ ਸਟੇਸ਼ਨਾਂ ਦੇ ਨੇੜੇ ਦੇ 29 ਇਲਾਕਿਆਂ ਨੂੰ ਟੀ ਓ ਏਜ਼ ਵਜੋਂ ਨਿਰਧਾਰਿਤ ਕੀਤਾ ਹੈ। ਤੁਸੀਂ ਸਾਰੇ 29 ਟੀ ਓ ਏਜ਼ ਦੀਆਂ ਥਾਵਾਂ ਦੀ ਲਿਸਟ ਹੇਠਾਂ ਦੇਖ ਸਕਦੇ ਹੋ।

- 29 ਐਵੇਨਿਊ ਸਟੇਸ਼ਨ
- ਆਰਬੂਟਸ ਸਟੇਸ਼ਨ
- ਬ੍ਰਿਜਪੋਰਟ ਸਟੇਸ਼ਨ
- ਬਰੌਡਵੇਅ – ਸਿਟੀ ਹਾਲ ਸਟੇਸ਼ਨ
- ਬ੍ਰਾਰਡ ਸਟੇਸ਼ਨ
- ਵੈਨਕੂਵਰ ਸਿਟੀ ਸੈਂਟਰ ਸਟੇਸ਼ਨ
- ਕਮਰਸ਼ੀਅਲ – ਬਰੌਡਵੇਅ ਸਟੇਸ਼ਨ
- ਡਨਬਰ ਲੂਪ ਐਕਸਚੇਂਜ
- ਗਿਲਮੋਰ ਸਟੇਸ਼ਨ
- ਗਰੇਟ ਨੌਰਦਰਨ ਵੇਅ – ਐਮਲੀ ਕਾਰ ਸਟੇਸ਼ਨ
- ਜੋਆਇਸ – ਕੋਲਿੰਗਵੁੱਡ ਸਟੇਸ਼ਨ
- ਕਿੰਗ ਐਡਵਰਡ ਸਟੇਸ਼ਨ
- ਕੂਟਨੇਅ ਲੂਪ ਐਕਸਚੇਂਜ
- ਲੰਗਾਰਾ – 49 ਐਵੇਨਿਊ ਸਟੇਸ਼ਨ
- ਮੇਨ ਸਟਰੀਟ – ਸਾਇੰਸ ਵਰਲਡ ਸਟੇਸ਼ਨ
- ਮਾਰੀਨ ਡਰਾਈਵ ਸਟੇਸ਼ਨ
- ਮਾਊਂਟ ਪਲੈਜ਼ੈਂਟ ਸਟੇਸ਼ਨ
- ਨਨਾਇਮੋ ਸਟੇਸ਼ਨ
- ਓਕ – ਵੀ ਜੀ ਐੱਚ ਸਟੇਸ਼ਨ
- ਓਕਰਿਜ – 41 ਐਵੇਨਿਊ ਸਟੇਸ਼ਨ
- ਓਲੰਪਿਕ ਵਿਲੇਜ ਸਟੇਸ਼ਨ
- ਰੈਨਫ੍ਰਿਊ ਸਟੇਸ਼ਨ
- ਰੂਪਰਟ ਸਟੇਸ਼ਨ
- ਸਾਊਥ ਗਰੈਨਵਿਲ ਸਟੇਸ਼ਨ
- ਸਟੇਡੀਅਮ – ਚਾਇਨਾਟਾਊਨ ਸਟੇਸ਼ਨ
- ਵੀ ਸੀ ਸੀ – ਕਲਾਰਕ ਸਟੇਸ਼ਨ
- ਵਾਟਰਫਰੰਟ ਸਟੇਸ਼ਨ
- ਯੇਲਟਾਊਨ – ਰਾਊਂਡਹਾਊਸ ਸਟੇਸ਼ਨ

ਟੀ ਓ ਏਜ਼ ਨੂੰ ਤੇਜ਼ ਆਵਾਜਾਈ ਦੇ ਸਟੇਸ਼ਨ ਦੇ 800 ਮੀਟਰ ਦੇ ਅੰਦਰ ਅਤੇ ਬੱਸ ਐਕਸਚੇਂਜ ਦੇ 400 ਮੀਟਰ ਦੇ ਅੰਦਰ ਦੇ ਖੇਤਰਾਂ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਪਤਾ ਲਾਉਣ ਲਈ ਕਿ ਕੀ ਕੋਈ ਪ੍ਰਾਪਰਟੀ ਟੀ ਓ ਏਜ਼ ਦੇ ਅੰਦਰ ਆਉਂਦੀ ਹੈ ਜਾਂ ਨਹੀਂ, ਤੁਸੀਂ ਟੀ ਓ ਏ ਬਾਈ-ਲਾਅ ਵਿੱਚ ਨਕਸ਼ੇ ਦੇਖ ਸਕਦੇ ਹੋ।

## ਕੀ ਇਸਦਾ ਮਤਲਬ ਇਹ ਹੈ ਕਿ ਟੀ ਓ ਏਜ਼ ਵਿੱਚ ਸਾਰੀਆਂ ਪ੍ਰਾਪਰਟੀਆਂ ਨੂੰ ਰੀਜ਼ੋਨ ਕੀਤਾ ਗਿਆ ਹੈ?

ਨਹੀਂ। ਟੀ ਓ ਏ ਬਾਈ-ਲਾਅ ਜ਼ੋਨਿੰਗ `ਤੇ ਸੇਧ ਦਿੰਦਾ ਹੈ ਪਰ ਇਹ ਆਪਣੇ ਆਪ ਵਿੱਚ ਰੀਜ਼ੋਨਿੰਗ ਨਹੀਂ ਹੈ। ਜ਼ਮੀਨ ਦੇ ਮਾਲਕਾਂ ਨੂੰ ਆਪਣੀ ਪ੍ਰਾਪਰਟੀ ਨੂੰ ਰੀਜ਼ੋਨ ਕਰਵਾਉਣ ਲਈ ਅਪਲਾਈ ਕਰਨ ਦੀ ਲੋੜ ਹੈ ਜੇ ਉਹ ਟੀ ਓ ਏ ਨੀਤੀ ਹੇਠ ਉਚਾਈ ਅਤੇ/ਜਾਂ ਡੈਨਸਿਟੀ (ਸੰਘਣਾਪਣ) ਵਧਾਉਣਾ ਚਾਹੁੰਦੇ ਹੋਣਗੇ।

## ਬਿੱਲ 47 ਹੇਠ, ਕੀ ਉਚਾਈ ਅਤੇ/ਜਾਂ ਡੈਨਸਿਟੀ ਦੀਆਂ ਸ਼ਰਤਾਂ ਪੂਰਾ ਕਰਨ ਵਾਲੀਆਂ ਸਾਰੀਆਂ ਨਵੀਂਆਂ ਡਿਵੈਲਪਮੈਂਟਾਂ ਲਈ ਮਨਜ਼ੂਰੀ ਲੈਣੀ ਪਵੇਗੀ?

ਨਹੀਂ। ਭਾਵੇਂ ਕਿ ਸਿਟੀ ਸਿਰਫ਼ ਉਚਾਈ ਅਤੇ/ਜਾਂ ਡੈਨਸਿਟੀ ਦੇ ਆਧਾਰ 'ਤੇ ਟੀ ਓ ਏ ਵਿੱਚ ਕਿਸੇ ਐਪਲੀਕੇਸ਼ਨ ਨੂੰ ਰੱਦ ਨਹੀਂ ਕਰ ਸਕਦੀ, ਸਿਟੀ ਹੋਰ ਕੌਂਸਲ-ਪ੍ਰਵਾਨਿਤ ਨੀਤੀਆਂ ਵਿੱਚ ਸ਼ਾਮਲ ਪਲੈਨਿੰਗ ਅਤੇ ਸਿਟੀ ਵਿੱਚ ਬਿਲਡਿੰਗ ਦੇ ਸਿਧਾਂਤਾਂ ਦੇ ਆਧਾਰ `ਤੇ ਰੀਜ਼ੋਨਿੰਗ ਨੂੰ ਅਜੇ ਵੀ ਰੱਦ ਕਰ ਸਕਦੀ ਹੈ, ਜਿਵੇਂ ਕਿ ਵਿਰਾਸਤ ਦੀ ਸੰਭਾਲ।

## ਟੀ ਓ ਏਜ਼ ਵਿੱਚ ਉਚਾਈਆਂ ਅਤੇ ਸੰਘਣੇਪਣ ਕੀ ਹਨ?

- ਸਕਾਈਟ੍ਰੇਨ ਸਟੇਸ਼ਨਾਂ ਲਈ:
  - ਟੀਅਰ 1 – 200 ਮੀਟਰ ਦੇ ਅੰਦਰ = 20 ਮੰਜ਼ਿਲਾਂ ਤੱਕ ਜਾਂ 5.5 ਐੱਫ ਐੱਸ ਆਰ ਤੱਕ
  - ਟੀਅਰ 2 – 400 ਮੀਟਰ ਦੇ ਅੰਦਰ = 12 ਮੰਜ਼ਿਲਾਂ ਤੱਕ ਜਾਂ 4.0 ਐੱਫ ਐੱਸ ਆਰ ਤੱਕ
  - ਟੀਅਰ 3 – 800 ਮੀਟਰ ਦੇ ਅੰਦਰ = 8 ਮੰਜ਼ਿਲਾਂ ਤੱਕ ਜਾਂ 3.0 ਐੱਫ ਐੱਸ ਆਰ ਤੱਕ

- ਬੱਸ ਐਕਸਚੇਂਜਾਂ ਲਈ:
  - ਟੀਅਰ 1 – 200 ਮੀਟਰ ਦੇ ਅੰਦਰ = 12 ਮੰਜ਼ਿਲਾਂ ਤੱਕ ਜਾਂ 4.0 ਐੱਫ ਐੱਸ ਆਰ ਤੱਕ
  - ਟੀਅਰ 2 – 400 ਮੀਟਰ ਦੇ ਅੰਦਰ = 8 ਮੰਜ਼ਿਲਾਂ ਤੱਕ ਜਾਂ 3.0 ਐੱਫ ਐੱਸ ਆਰ ਤੱਕ

## ਕੀ ਨਵੀਂਆਂ ਡਿਵੈਲਪਮੈਂਟਾਂ ਵਿੱਚ ਕਿਰਾਏ `ਤੇ ਦਿੱਤੇ ਜਾਣ ਵਾਲੇ ਘਰਾਂ ਜਾਂ ਮਾਰਕੀਟ ਤੋਂ ਘੱਟ ਕਿਰਾਏ ਦੇ ਘਰਾਂ ਦੀ ਮੰਗ ਕੀਤੀ ਜਾਵੇਗੀ? ਪਾਰਕਿੰਗ ਬਾਰੇ ਕੀ ਕਹਿਣਾ ਹੈ?

ਟੀ ਓ ਏ ਰੀਜ਼ੋਨਿੰਗ ਨੀਤੀ ਸੂਬਾਈ ਉਚਾਈਆਂ ਅਤੇ ਡੈਨਸਿਟੀਜ਼ (ਸੰਘਣੇਪਣ) ਦੇ ਹੇਠ ਨਵੇਂ ਮੌਕਿਆਂ ਨੂੰ ਮਾਰਕੀਟ ਦੇ ਰੇਟ `ਤੇ ਕਿਰਾਏ, ਮਾਰਕੀਟ ਦੇ ਰੇਟ ਤੋਂ ਘੱਟ ਕਿਰਾਏ, ਅਤੇ ਗੈਰ-ਮਾਰਕੀਟ ਕਿਰਾਏ ਦੇ ਘਰਾਂ 'ਤੇ ਕੇਂਦਰਿਤ ਕਰਦੀ ਹੈ। ਸਾਰੇ ਟੀਅਰਜ਼ ਵਿੱਚ ਉਚਾਈ ਅਤੇ ਡੈਨਸਿਟੀ ਨੂੰ ਵੱਧ ਤੋਂ ਵੱਧ ਕਰਨ ਦੀ ਮੰਗ ਕਰਨ ਵਾਲੀਆਂ ਤਜਵੀਜ਼ਾਂ ਤੋਂ ਇਨ੍ਹਾਂ ਵਿੱਚੋਂ ਕੋਈ ਕਰਨ ਦੀ ਮੰਗ ਕੀਤੀ ਜਾਵੇਗੀ:

- ਰਿਹਾਇਸ਼ੀ ਫਲੋਰ ਦੇ 100% ਏਰੀਏ ਨੂੰ ਕਿਰਾਏ ਦੇ ਘਰਾਂ ਵਜੋਂ ਸੁਰੱਖਿਅਤ ਕਰੋ, ਜਿਸ ਵਿੱਚੋਂ ਘੱਟੋ ਘੱਟ 20% ਪੱਕੇ ਤੌਰ `ਤੇ ਮਾਰਕੀਟ ਦੇ ਰੇਟ ਤੋਂ ਘੱਟ ਕਿਰਾਏ `ਤੇ ਸੁਰੱਖਿਅਤ ਕਰੋ; ਜਾਂ
- ਰਿਹਾਇਸ਼ੀ ਫਲੋਰ ਦਾ 20% ਏਰੀਆ ਸਿਟੀ ਨੂੰ ਸੋਸ਼ਲ ਹਾਊਸਿੰਗ ਵਜੋਂ ਦਿਉ।

ਸਾਰੇ ਟੀਅਰਜ਼ ਵਿੱਚ ਨੀਤੀ, ਮਾਰਕੀਟ ਦੇ ਰੇਟ `ਤੇ ਕਿਰਾਏ ਦੀਆਂ ਘੱਟ ਉਚਾਈ ਵਾਲੀਆਂ 4- ਜਾਂ 5-ਮੰਜ਼ਿਲਾ ਡਿਵੈਲਪਮੈਂਟਾਂ ਲਈ, ਅਤੇ 20% ਮਾਰਕੀਟ ਤੋਂ ਘੱਟ ਕਿਰਾਏ ਵਾਲੀਆਂ 6-ਮੰਜ਼ਿਲਾ ਡਿਵੈਲਪਮੈਂਟਾਂ ਲਈ ਐਪਲੀਕੇਸ਼ਨਾਂ ਦੀ ਹਿਮਾਇਤ ਵੀ ਕਰੇਗੀ।

ਕਾਨੂੰਨ ਹੇਠ, ਸਿਟੀ ਟੀ ਓ ਏ ਵਿੱਚ ਡਿਸਏਬਿਲਟੀਜ਼ ਵਾਲੇ ਲੋਕਾਂ ਲਈ ਪਾਰਕਿੰਗ ਤੋਂ ਬਿਨਾਂ, ਘਰਾਂ ਲਈ ਸਟਰੀਟ ਤੋਂ ਬਾਹਰ ਪਾਰਕਿੰਗ ਦੀ ਘੱਟੋ ਘੱਟ ਸੀਮਾ ਤੈਅ ਨਹੀਂ ਕਰ ਸਕਦੀ। ਭਾਵੇਂ ਕਿ ਪ੍ਰਾਪਰਟੀ ਡਿਵੈਲਪਰ ਅਜੇ ਵੀ ਸਾਈਟ `ਤੇ ਪਾਰਕਿੰਗ ਸ਼ਾਮਲ ਕਰਨ ਦੀ ਚੋਣ ਕਰ ਸਕਦੇ ਹਨ।

### ਕੀ ਟੀ ਓ ਏ ਤੋਂ ਬਾਹਰ ਦੀ ਜ਼ਮੀਨ ਨੂੰ ਟੀ ਓ ਏ ਦੇ ਅੰਦਰ ਦੀ ਜ਼ਮੀਨ ਨਾਲ ਇਕੱਠਾ ਕੀਤਾ ਜਾ ਸਕਦਾ ਹੈ?

ਜੇ ਟੀ ਓ ਏ ਦੀ ਸੀਮਾ ਜ਼ਮੀਨ ਦੇ ਇਕ ਪਾਰਸਲ ਨੂੰ ਪਾਰ ਕਰਦੀ ਹੈ, ਤਾਂ ਉਸ ਪਾਰਸਲ ਨੂੰ ਟੀ ਓ ਏ ਦੇ ਅੰਦਰ ਮੰਨਿਆ ਜਾਂਦਾ ਹੈ। ਟੀ ਓ ਏ ਦੀ ਸੀਮਾ ਦੇ ਅੰਦਰ ਅਤੇ ਬਾਹਰ ਦੋਨਾਂ ਪਾਰਸਲਾਂ ਦੀ ਜ਼ਮੀਨ ਇਕੱਠੀ ਕਰਨ ਲਈ, ਟੀ ਓ ਏ ਦੇ ਅੰਦਰ ਮੰਨੇ ਜਾਣ ਲਈ ਜ਼ਮੀਨ ਇਕੱਠੀ ਕਰਨ ਦਾ ਇਹ ਕੰਮ 26 ਜੂਨ, 2024 ਨੂੰ ਟੀ ਓ ਏ ਬਾਈ-ਲਾਅ ਅਪਣਾਏ ਜਾਣ ਤੋਂ ਪਹਿਲਾਂ ਹੋਇਆ ਹੋਣਾ ਜ਼ਰੂਰੀ ਹੈ।

### ਕੀ ਮੌਜੂਦਾ ਕਿਰਾਏ ਦੇ ਘਰ ਸੁਰੱਖਿਅਤ ਹਨ? ਜੇ ਮੇਰੀ ਕਿਰਾਏ ਵਾਲੀ ਬਿਲਡਿੰਗ ਦੁਬਾਰਾ ਡਿਵੈਲਪ ਹੋ ਰਹੀ ਹੋਵੇ ਤਾਂ ਕੀ ਹੋਵੇਗਾ?

ਸਿਟੀ ਦੀਆਂ ਕਿਰਾਏ ਦੇ ਘਰਾਂ ਦੀ ਸੁਰੱਖਿਆ ਅਤੇ ਬਦਲਣ ਦੀਆਂ ਨੀਤੀਆਂ ਲਾਗੂ ਰਹਿੰਦੀਆਂ ਹਨ, ਅਤੇ ਬ੍ਰੌਡਵੇਅ ਪਲੈਨ ਦੀਆਂ ਸ਼ਰਤਾਂ ਮੁਤਾਬਕ ਕਿਰਾਏਦਾਰਾਂ ਦੇ ਪੁਨਰ ਵਾਸ ਅਤੇ ਹਿਫਾਜ਼ਤ ਦੀਆਂ ਬਿਹਤਰ ਬਣਾਈਆਂ ਗਈਆਂ ਨੀਤੀਆਂ ਟੀ ਓ ਏ ਰੀਜ਼ੋਨਿੰਗ ਨੀਤੀ ਹੇਠ ਵਿਚਾਰੀਆਂ ਗਈਆਂ ਸਾਰੀਆਂ ਐਪਲੀਕੇਸ਼ਨਾਂ `ਤੇ ਲਾਗੂ ਹੁੰਦੀਆਂ ਹਨ। ਜ਼ਿਆਦਾ ਜਾਣਕਾਰੀ ਲਈ ਤੁਸੀਂ ਨੀਤੀ ਦੇਖ ਸਕਦੇ ਹੋ।

### ਮੈਂ ਇਹ ਕਿਵੇਂ ਪਤਾ ਲਾ ਸਕਦਾ/ਸਕਦੀ ਹਾਂ ਕਿ ਟੀ ਓ ਏ ਵਿਚਲੀ ਕਿਸੇ ਪ੍ਰਾਪਰਟੀ `ਤੇ ਕੀ ਬਣਾਇਆ ਜਾ ਸਕਦਾ ਹੈ?

ਤੁਸੀਂ ਟੀ ਓ ਏ ਬਾਈ-ਲਾਅ `ਤੇ ਵਿਚਾਰ ਕਰ ਸਕਦੇ ਹੋ ਅਤੇ ਇਹ ਪੱਕਾ ਕਰ ਸਕਦੇ ਹੋ ਕਿ ਪ੍ਰਾਪਰਟੀ ਕਿਸ ਟੀ ਓ ਏ ਵਿੱਚ ਹੈ ਅਤੇ ਇਹ ਕਿਸ ਟੀਅਰ ਹੇਠ ਆਉਂਦੀ ਹੈ। ਇਹ ਗੱਲ ਨੋਟ ਕਰੋ ਕਿ ਕੁਝ ਟੀ ਓ ਏਜ਼ ਦੇ ਏਰੀਏ ਇਕ ਦੂਜੇ ਵਿੱਚ ਆਉਂਦੇ ਹਨ ਅਤੇ ਸਭ ਤੋਂ ਜ਼ਿਆਦਾ ਉਚਾਈ ਅਤੇ ਡੈਨਸਿਟੀ ਵਾਲਾ ਟੀਅਰ ਲਾਗੂ ਹੁੰਦਾ ਹੈ। ਫਿਰ ਤੁਸੀਂ ਘਰਾਂ, ਕਮਰਸ਼ੀਅਲ ਆਦਿ ਲਈ ਮੰਗਾਂ ਦਾ ਪਤਾ ਲਾਉਣ ਲਈ ਟੀ ਓ ਏ ਰੀਜ਼ੋਨਿੰਗ ਨੀਤੀ ਚੈੱਕ ਕਰ ਸਕਦੇ ਹੋ। ਜੇ ਤੁਹਾਡੇ ਕੋਈ ਸਵਾਲ ਹੋਣ ਤਾਂ ਤੁਸੀਂ ਰੀਜ਼ੋਨਿੰਗ ਸੈਂਟਰ ਨਾਲ rezoning@vancouver.ca 'ਤੇ ਸੰਪਰਕ ਕਰ ਸਕਦੇ ਹੋ।

## ਹੋਰ ਸ੍ਰੋਤ

- **ਸਿਟੀ ਔਫ ਵੈਨਕੂਵਰ ਪਲੈਨਿੰਗ ਡਿਪਾਰਟਮੈਂਟ:**
  - ਵੈੱਬਸਾਈਟ
  - ਆਪਣਾ ਜ਼ੋਨਿੰਗ ਡਿਸਟ੍ਰਿਕਟ ਲੱਭਣ ਲਈ, ਜ਼ੋਨਿੰਗ ਬਾਰੇ ਪੁੱਛ ਪੜਤਾਲ ਕਰਨ ਲਈ, ਅਤੇ ਰੀਜ਼ੋਨਿੰਗ ਲਈ ਅਪਲਾਈ ਕਰਨ ਲਈ ਇੱਥੇ ਚੈੱਕ ਕਰੋ।
  - ਨਵੀਂਆਂ ਐਪਲੀਕੇਸ਼ਨਾਂ ਲਈ, ਕਿਰਪਾ ਕਰਕੇ ਸੰਪਰਕ ਕਰੋ: rezoning@vancouver.ca
  - ਮੌਜੂਦਾ ਐਪਲੀਕੇਸ਼ਨਾਂ ਲਈ, ਕਿਰਪਾ ਕਰਕੇ ਆਪਣੇ ਅਸਾਇਨ ਕੀਤੇ ਹੋਏ ਰੀਜ਼ੋਨਿੰਗ ਪਲੈਨਰ ਨਾਲ ਕੰਮ ਕਰੋ।

- **ਸੂਬਾਈ ਸਰਕਾਰ ਦੇ ਸ੍ਰੋਤ:**
  - ਵੈੱਬਸਾਈਟ
  - ਸੂਬਾਈ ਟੀ ਓ ਏ ਕਾਨੂੰਨ, ਜਾਰੀ ਰਹਿਣ ਯੋਗਤਾ ਦੇ ਟੀਚਿਆਂ, ਅਤੇ ਫੰਡਿੰਗ ਦੇ ਮੌਕਿਆਂ ਬਾਰੇ ਜਾਣਕਾਰੀ ਲਈ ਇੱਥੇ ਚੈੱਕ ਕਰੋ।